BC CANCER COLON SCREENING
Provincial Health Services Authority

ਕੋਲੋਰੈਕਟਲ ਪਾਲੀਪੋਸਿਸ

ਪਾਲੀਪੋਸਿਸ ਕੀ ਹੈ?

ਪਾਲੀਪੋਸਿਸ (ਉਚਾਰਨ:ਪਾ-ਲੀ-ਪੋ-ਸਿਸ) ਸਿਹਤ ਦੀ ਇੱਕ ਅਜਿਹੀ ਹਾਲਤ ਹੈ ਜਿਸ ਵਿੱਚ ਤੁਹਾਡੀ ਸਾਰੀ ਉਮਰ ਦੌਰਾਨ ਤੁਹਾਡੀ ਵੱਡੀ ਆਂਦਰ (ਕੋਲਨ) ਵਿੱਚ ਬਹੁਤ ਸਾਰੇ ਪਾਲਿਪ (ਛੋਟੀਆਂ ਗੰਢਾਂ) ਪੈਦਾ ਹੁੰਦੇ ਰਹਿੰਦੇ ਹਨ।



ਪਾਲੀਪੋਸਿਸ ਦਾ ਕੀ ਕਾਰਨ ਹੈ?

ਜ਼ਿਆਦਾਤਰ ਲੋਕਾਂ ਲਈ, ਸਾਨੂੰ ਨਹੀਂ ਪਤਾ ਕਿ ਉਹਨਾਂ ਦੇ ਪਾਲੀਪੋਸਿਸ ਹੋਣ ਦਾ ਕਾਰਨ ਕੀ ਹੈ।
ਕੁਝ ਲੋਕਾਂ ਲਈ, ਉਹ ਆਪਣੇ ਜੀਨਾਂ ਵਿੱਚ ਇੱਕ ਤਬਦੀਲੀ ਨਾਲ ਪੈਦਾ ਹੁੰਦੇ ਹਨ ਜਿਸ ਨੂੰ "ਮਿਊਟੇਸ਼ਨ" ਜਾਂ "ਪੈਥੋਜੈਨਿਕ ਵੇਰੀਐਂਟ" ਕਿਹਾ ਜਾਂਦਾ ਹੈ। ਇਸ ਦਾ ਮਤਲਬ ਹੈ ਕਿ ਤੁਹਾਡਾ ਜੀਨ ਉਸ ਤਰੀਕੇ ਨਾਲ ਕੰਮ ਨਹੀਂ ਕਰ ਰਿਹਾ ਹੈ ਜਿਸ ਤਰ੍ਹਾਂ ਇਸ ਨੂੰ ਕਰਨਾ ਚਾਹੀਦਾ ਹੈ। ਕੁਝ ਜੀਨ ਤਬਦੀਲੀਆਂ **ਪਾਲੀਪੋਸਿਸ ਸਿੰਡਰੋਮ** (ਰੋਗ ਦੇ ਲੱਛਣਾਂ) ਦਾ ਕਾਰਨ ਬਣ ਸਕਦੀਆਂ ਹਨ। ਪਾਲੀਪੋਸਿਸ ਤੁਹਾਡੇ ਕੋਲਨ ਕੈਂਸਰ ਦੇ ਖਤਰੇ ਨੂੰ ਵਧਾਉਂਦਾ ਹੈ ਅਤੇ ਕੁਝ ਪੈਥੋਜੈਨਿਕ ਵੇਰੀਐਂਟ ਹੋਰ ਕਿਸਮਾਂ ਦੇ ਕੈਂਸਰਾਂ ਦੇ ਖਤਰਿਆਂ ਨੂੰ ਵੀ ਵਧਾ ਸਕਦੇ ਹਨ। ਜੀਨ ਤਬਦੀਲੀ ਦਾ ਮਤਲਬ ਇਹ **ਨਹੀਂ** ਹੈ ਕਿ ਤੁਹਾਨੂੰ ਕੈਂਸਰ ਹੋ ਜਾਵੇਗਾ - ਇਹ ਸਿਰਫ ਤੁਹਾਡੇ ਮੌਕੇ ਵਧਾਉਂਦੀ ਹੈ।

ਜੇਕਰ ਮੈਨੂੰ ਪਾਲੀਪੋਸਿਸ ਹੈ, ਤਾਂ ਅੱਗੇ ਕੀ ਹੋਵੇਗਾ?

ਤੁਹਾਡਾ ਕੋਲੋਨੋਸਕੋਪਿਸਟ (ਕੋਲੋਨੋਸਕੋਪੀ ਕਰਨ ਵਾਲਾ) ਤੁਹਾਡੇ ਨਾਲ ਇਹਨਾਂ ਬਾਰੇ ਗੱਲ ਕਰੇਗਾ:

- ਪਾਲੀਪੋਸਿਸ ਅਤੇ ਇਸ ਦਾ ਕੀ ਅਰਥ ਹੈ।
- ਤੁਹਾਨੂੰ ਕਿੰਨੀ ਦੇਰ ਬਾਅਦ ਕੋਲੋਨੋਸਕੋਪੀ ਕਰਵਾਉਣੀ ਚਾਹੀਦੀ ਹੈ ਅਤੇ ਕੀ ਤੁਹਾਨੂੰ ਕੈਂਸਰ ਦੀਆਂ ਹੋਰ ਕਿਸਮਾਂ ਦੀ ਜਾਂਚ ਕਰਵਾਉਣ (ਸਕਰੀਨਿੰਗ) ਲੋੜ ਹੈ।
- ਕੀ ਤੁਹਾਡੇ ਖੂਨ ਦੇ (ਬਾਇਲੋਜੀਕਲ) ਰਿਸ਼ਤੇਦਾਰਾਂ ਨੂੰ ਵੀ ਪਾਲੀਪੋਸਿਸ ਦੀ ਜਾਂਚ ਲਈ ਕੋਲੋਨੋਸਕੋਪੀ ਕਰਵਾਉਣ ਦੀ ਲੋੜ ਹੈ। ਅਜਿਹਾ ਇਸ ਲਈ ਹੈ ਕਿਉਂਕਿ ਜੀਨਾਂ ਵਿੱਚ ਤਬਦੀਲੀਆਂ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ (ਜਿਵੇਂ ਕਿ ਤੁਹਾਡੇ ਮਾਤਾ-ਪਿਤਾ ਵਿੱਚੋਂ ਕਿਸੇ ਇੱਕ ਤੋਂ ਤੁਹਾਡੇ ਤੱਕ) ਜਾ ਸਕਦੀਆਂ ਹਨ।
- ਕੀ ਤੁਸੀਂ **ਜੈਨੇਟਿਕ ਜਾਂਚ** ਕਰਵਾਉਣ ਲਈ ਯੋਗ ਹੋ। ਜੈਨੇਟਿਕ ਜਾਂਚ ਤੁਹਾਡੇ ਖੂਨ ਦਾ ਨਮੂਨਾ ਲੈ ਕੇ ਕੀਤੀ ਜਾਂਦੀ ਹੈ। ਇਹ ਜਾਂਚ ਤੁਹਾਡੇ ਜੀਨਾਂ ਵਿੱਚ ਤਬਦੀਲੀਆਂ ਦੀ ਭਾਲ ਕਰਦੀ ਹੈ। ਇਸ ਨਾਲ ਇਹ ਪਤਾ ਲਗਾਇਆ ਜਾ ਸਕਦਾ ਹੈ ਕਿ ਕੀ ਤੁਹਾਡੇ ਵਿੱਚ ਕੋਈ ਅਜਿਹੀ ਜੀਨ ਤਬਦੀਲੀ ਮੌਜੂਦ ਹੈ ਜੋ ਪਾਲੀਪੋਸਿਸ ਦਾ ਕਾਰਨ ਬਣ ਸਕਦੀ ਹੈ।

ਕੀ ਮੈਂ ਜੈਨੇਟਿਕ ਜਾਂਚ ਲਈ ਯੋਗ ਹਾਂ? ਇਹ ਮੇਰੀ ਅਤੇ ਮੇਰੇ ਪਰਿਵਾਰ ਦੀ ਕਿਵੇਂ ਮਦਦ ਕਰ ਸਕਦੀ ਹੈ?

ਜੇਕਰ ਤੁਸੀਂ ਇਸ ਲਈ ਯੋਗ ਹੋ, ਤਾਂ ਤੁਹਾਡਾ ਕੋਲੋਨੋਸਕੋਪਿਸਟ ਫੈਸਲਾ ਲੈਣ ਵਿੱਚ ਤੁਹਾਡੀ ਮਦਦ ਕਰੇਗਾ ਕਿ ਕੀ ਜੈਨੇਟਿਕ ਜਾਂਚ ਕਰਵਾਉਣੀ ਹੈ:

- ਜੇਕਰ ਤੁਸੀਂ ਜਾਂਚ ਕਰਵਾਉਣ ਦਾ ਫੈਸਲਾ ਕਰਦੇ ਹੋ, ਤਾਂ ਤੁਹਾਡਾ ਕੋਲੋਨੋਸਕੋਪਿਸਟ ਜਾਂਚ ਦਾ ਪ੍ਰਬੰਧ ਕਰੇਗਾ ਅਤੇ ਨਤੀਜਿਆਂ ਉੱਪਰ ਤੁਹਾਡੇ ਨਾਲ ਝਾਤ ਮਾਰੇਗਾ। ਜੇਕਰ ਲੈਬ ਇਹ ਰਿਪੋਰਟ ਦਿੰਦੀ ਹੈ ਕਿ ਕੋਈ "ਪੈਥੋਜੈਨਿਕ ਵੇਰੀਐਂਟ" ਲੱਭਿਆ ਹੈ, ਤਾਂ ਹੈਰੀਡਿਟਰੀ ਕੈਂਸਰ ਪ੍ਰੋਗਰਾਮ ਦੇ ਕਿਸੇ ਜੈਨੇਟਿਕ ਮਾਹਰ ਨਾਲ ਵੀ ਤੁਹਾਡੀ ਐਪੁਆਂਇੰਟਮੈਂਟ ਬਣਾਈ ਜਾਵੇਗੀ। ਇਹ ਨਤੀਜੇ ਤੁਹਾਡੀ ਡਾਕਟਰੀ ਦੇਖਭਾਲ ਬਾਰੇ ਸੇਧ ਦੇਣ ਵਿੱਚ ਮਦਦ ਕਰ ਸਕਦੇ ਹਨ ਜਿਨ੍ਹਾਂ ਵਿੱਚ ਸ਼ਾਮਲ ਹਨ ਕਿ ਤੁਹਾਨੂੰ ਕਿਸ ਕਿਸਮ ਦੀ ਕੈਂਸਰ ਸਕਰੀਨਿੰਗ (ਜਾਂਚ) ਦੀ ਲੋੜ ਹੈ ਅਤੇ ਇਹ ਕਿੰਨੀ ਵਾਰ ਕਰਵਾਉਣੀ ਚਾਹੀਦੀ ਹੈ—ਨਾਲ ਹੀ ਇਹ ਤੁਹਾਨੂੰ ਕੈਂਸਰ ਦੇ ਖਤਰੇ ਬਾਰੇ ਅਤੇ ਇਸ ਬਾਰੇ ਵੀ ਦੱਸ ਸਕਦੇ ਹਨ ਕਿ ਕੀ ਤੁਹਾਡੇ ਬਾਇਲੋਜੀਕਲ (ਖੂਨ ਦੇ ਰਿਸ਼ਤੇਦਾਰਾਂ) ਨੂੰ ਜਾਂਚ ਕਰਵਾਉਣ ਦੀ ਲੋੜ ਹੈ।
- ਜੇਕਰ ਤੁਸੀਂ ਜਾਂਚ **ਨਾ** ਕਰਵਾਉਣ ਦਾ ਫੈਸਲਾ ਕਰਦੇ ਹੋ, ਤਾਂ ਤੁਹਾਡੀ ਦੇਖਭਾਲ 'ਤੇ ਕੋਈ ਅਸਰ **ਨਹੀਂ** ਪਵੇਗਾ: ਤੁਹਾਡਾ ਕੋਲੋਨੋਸਕੋਪਿਸਟ ਤੁਹਾਡੀ ਦੇਖਭਾਲ ਕਰਨੀ ਜਾਰੀ ਰੱਖੇਗਾ।
- ਜੇਕਰ ਤੁਸੀਂ ਜੈਨੇਟਿਕ ਜਾਂਚ ਲਈ ਯੋਗ ਨਹੀਂ ਹੋ, ਤਾਂ ਵੀ ਤੁਹਾਡਾ ਕੋਲੋਨੋਸਕੋਪਿਸਟ ਤੁਹਾਡੀ ਦੇਖਭਾਲ ਕਰਨਾ ਜਾਰੀ ਰੱਖੇਗਾ।

ਭਾਵੇਂ ਤੁਹਾਡੀ ਜੈਨੇਟਿਕ ਜਾਂਚ ਹੁੰਦੀ ਹੈ ਜਾਂ ਨਹੀਂ, ਤੁਹਾਡਾ ਕੋਲੋਨੋਸਕੋਪਿਸਟ ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰੇਗਾ ਕਿ ਕੋਲੋਨੋਸਕੋਪੀ ਕਿੰਨੀ ਵਾਰ ਕਰਵਾਉਣੀ ਚਾਹੀਦੀ ਹੈ ਅਤੇ ਕੀ ਹੋਰ ਕਿਸਮ ਦੀ ਸਕਰੀਨਿੰਗ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।

ਮੈਂ ਹੋਰ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?

- ਆਪਣੇ ਕੋਲੋਨੋਸਕੋਪਿਸਟ ਜਾਂ ਮੁਢਲੀ ਸਿਹਤ ਸੰਭਾਲ ਦੀਆਂ ਸੇਵਾਵਾਂ ਦੇਣ ਵਾਲੇ ਨਾਲ ਗੱਲ ਕਰੋ।
- ਜੈਨੇਟਿਕ ਜਾਂਚ ਬਾਰੇ ਵੀਡੀਓ ਦੇਖਣ ਲਈ ਕਿਊ ਆਰ ਕੋਡ ਨੂੰ ਸਕੈਨ ਕਰੋ।

ਆਪਣੇ ਕੋਲੋਨੋਸਕੋਪਿਸਟ ਨੂੰ ਪੁੱਛਣ ਲਈ ਸਵਾਲ:

- [ ] ਪਾਲੀਪੋਸਿਸ ਕੀ ਹੈ ਅਤੇ ਇਸ ਦਾ ਕੀ ਅਰਥ ਹੈ?
- [ ] ਮੈਨੂੰ ਆਪਣੀ ਅਗਲੀ ਕੋਲੋਨੋਸਕੋਪੀ ਕਦੋਂ ਕਰਵਾਉਣੀ ਚਾਹੀਦੀ ਹੈ?
- [ ] ਕੀ ਮੈਨੂੰ ਆਪਣੇ ਉੱਪਰਲੇ ਪਾਚਨ ਸਿਸਟਮ (ਭੋਜਨ-ਨਾਲੀ, ਪੇਟ ਅਤੇ ਛੋਟੀ ਆਂਦਰ ਦਾ ਸ਼ੁਰੂਆਤੀ ਹਿੱਸਾ) ਦੀ ਜਾਂਚ (ਸਕਰੀਨਿੰਗ) ਕਰਵਾਉਣੀ ਚਾਹੀਦੀ ਹੈ?
- [ ] ਕੀ ਪਾਲੀਪੋਸਿਸ ਦੀ ਜਾਂਚ ਲਈ ਮੇਰੇ ਬਾਇਲੋਜੀਕਲ (ਖੂਨ ਦੇ) ਰਿਸ਼ਤੇਦਾਰਾਂ ਨੂੰ ਵੀ ਕੋਲੋਨੋਸਕੋਪੀ ਕਰਵਾਉਣ ਦੀ ਲੋੜ ਹੈ?
- [ ] ਕੀ ਮੈਂ ਜੈਨੇਟਿਕ ਜਾਂਚ ਕਰਵਾ ਸਕਦਾ/ਸਕਦੀ ਹਾਂ? ਇਸ ਦੇ ਨਤੀਜੇ ਮੇਰੀ ਕਿਵੇਂ ਮਦਦ ਕਰ ਸਕਦੇ ਹਨ?
- [ ] _____
  _____
- [ ] _____
  _____

Version: September 2026 [Punjabi]